# ਸਾਡੇ ਸਭ ਦੇ ਮਨ ਵਿੱਚ ਟੀਕਾਕਰਨ ਨੂੰ ਲੈ ਕੇ ਬਹੁਤ ਸਾਰੇ ਸਵਾਲ ਹਨ

## ਕੀ ਕੋਵਿਡ-19 ਟੀਕਾਕਰਨ...

**ਮੁਫ਼ਤ ਹੈ? ਹਾਂ**

- ਟੀਕਾ ਲਗਵਾਉਣ ਦੀ ਕੋਈ ਫ਼ੀਸ ਨਹੀਂ ਹੈ।
- ਜੇਕਰ ਟੀਕਾ ਲਗਵਾਉਣ ਵਾਸਤੇ ਅਪਾਇੰਟਮੈਂਟ ਲੈਣ ਲਈ ਤੁਹਾਡੇ ਕੋਲੋਂ ਫ਼ੀਸ ਲਈ ਜਾਂਦੀ ਹੈ, ਤਾਂ ਇਹ ਧੋਖਾ ਹੈ।

**ਸਾਰਿਆਂ ਲਈ ਉਪਲਬਧ ਹੈ? ਹਾਂ**

- ਆਰਏਐਮਕਿਊ ਕਾਰਡ ਜਾਂ ਸਿਹਤ ਬੀਮਾ ਲੋੜੀਂਦਾ ਨਹੀਂ ਹੈ।
- ਕੇਵਲ ਤੁਹਾਡਾ ਨਾਮ ਅਤੇ ਜਨਮ ਮਿਤੀ ਹੀ ਪੁੱਛੀ ਜਾਵੇਗੀ।

**ਲਾਜ਼ਮੀ ਹੈ? ਨਹੀਂ**

- ਟੀਕਾਕਰਨ ਕਰਵਾਉਣ ਦੀ ਸਿਫ਼ਾਰਿਸ਼ 16 ਸਾਲ ਦੀ ਉਮਰ ਤੋਂ ਵੱਧ ਦੇ ਹਰ ਵਿਅਕਤੀ ਲਈ ਕੀਤੀ ਜਾਂਦੀ ਹੈ (ਲਗਾਤਾਰ ਹੋ ਰਹੇ ਨਵੇਂ ਅਧਿਐਨਾਂ ਅਨੁਸਾਰ ਘੱਟੋ-ਘੱਟ ਉਮਰ ਬਦਲਾਅ ਅਧੀਨ ਹੈ)।

## ਕੀ ਮੈਂ ਟੀਕਾ ਲਗਵਾਉਣ ਦੀ ਆਪਣੀ ਵਾਰੀ ਛੱਡ ਸਕਦਾ/ਸਕਦੀ ਹਾਂ?

**ਨਹੀਂ**

ਜਿਵੇਂ ਹੀ ਤੁਹਾਡੇ ਉਮਰ ਸਮੂਹ ਨੂੰ ਟੀਕੇ ਲਗਾਉਣ ਦੀ ਵਾਰੀ ਆਉਂਦੀ ਹੈ, ਤਾਂ ਤੁਸੀਂ ਅਪਾਇੰਟਮੈਂਟ ਲੈ ਸਕਦੇ ਹੋ। ਤੁਸੀਂ ਉਸ ਮਿਤੀ ਨੂੰ ਟੀਕਾ ਲਗਵਾਉਣ ਦੇ ਯੋਗ ਹੋ ਜਾਓਗੇ ਅਤੇ ਉਸ ਤੋਂ ਬਾਅਦ ਵੀ ਟੀਕਾ ਲਗਵਾ ਸਕਦੇ ਹੋ, ਭਾਵੇਂ ਤੁਸੀਂ ਟੀਕਾ ਲਗਵਾਉਣ ਲਈ ਕੋਈ ਵੀ ਦਿਨ ਚੁਣਿਆ ਹੋਵੇ।

## ਕੀ ਕੋਵਿਡ-19 ਟੀਕਾਕਰਨ...

**ਨਾਲ ਮੈਨੂੰ ਕੋਵਿਡ-19 ਹੁੰਦਾ ਹੈ? ਨਹੀਂ**

- ਕੈਨੇਡਾ ਸਰਕਾਰ ਵੱਲੋਂ ਅਧਿਕਾਰਤ ਟੀਕਿਆਂ ਵਿੱਚ ਲਾਈਵ ਵਾਇਰਸ ਨਹੀਂ ਹੈ, ਇਸ ਲਈ ਟੀਕਾਕਰਨ ਨਾਲ ਕੋਈ ਬਿਮਾਰੀ ਹੋਣਾ ਅਸੰਭਵ ਹੈ।

**ਨਾਲ ਕੋਵਿਡ-19 ਟੈਸਟ ਦਾ ਨਤੀਜਾ ਪਾਜ਼ੀਟਿਵ ਆਉਂਦਾ ਹੈ? ਨਹੀਂ**

- ਕੋਵਿਡ ਟੈਸਟ ਵਿੱਚ ਕੇਵਲ ਇਹ ਜਾਂਚ ਹੁੰਦੀ ਹੈ ਕਿ ਕੋਈ ਵਿਅਕਤੀ ਵਾਇਰਸ ਨਾਲ ਸੰਕ੍ਰਮਿਤ ਅਤੇ ਬਿਮਾਰ ਹੈ ਜਾਂ ਨਹੀਂ।

**ਵਿੱਚ ਜਾਨਵਰਾਂ ਜਾਂ ਇਨਸਾਨਾਂ ਤੋਂ ਬਣੇ ਜ਼ਹਿਰੀਲੇ ਉਤਪਾਦ ਹਨ? ਨਹੀਂ**

- ਕਿਸੇ ਵੀ ਟੀਕੇ ਵਿੱਚ ਖ਼ੂਨ ਤੋਂ ਬਣੇ ਉਤਪਾਦ, ਪਾਰਾ, ਅਲਮੀਨੀਅਮ, ਫਾਰਮੈਲਡੀਹਾਈਡ, ਭਰੂਣ ਸੈੱਲ ਜਾਂ ਹੋਰ ਕਿਸੇ ਜਾਨਵਰ ਤੋਂ ਬਣੇ ਉਤਪਾਦ ਨਹੀਂ ਹਨ।

**ਮੇਰੇ ਲਈ ਖ਼ਤਰਨਾਕ ਹੈ, ਜੇ ਮੈਂ ਬੱਚਾ ਪੈਦਾ ਕਰਨ ਬਾਰੇ ਸੋਚ ਰਹੀ ਹਾਂ? ਨਹੀਂ**

- ਕੋਵਿਡ ਟੀਕਿਆਂ ਦਾ ਜਣਨ ਸ਼ਕਤੀ ਜਾਂ ਬਾਂਝਪਣ ਸਬੰਧੀ ਮਾੜੇ ਪ੍ਰਭਾਵਾਂ ਦਾ ਕੋਈ ਸਬੂਤ ਨਹੀਂ ਹੈ, ਭਾਵ, ਟੀਕੇ ਗਰਭਵਤੀ ਹੋਣ ਜਾਂ ਗਰਭ ਅਵਸਥਾ ਦੀ ਮਿਆਦ ਨੂੰ ਪ੍ਰਭਾਵਿਤ ਨਹੀਂ ਕਰਦੇ।
- ਗਰਭਵਤੀ ਜਾਂ ਦੁੱਧ ਚੁੰਘਾਉਣ ਵਾਲੀਆਂ ਔਰਤਾਂ ਲਈ ਟੀਕੇ ਦੀ ਸਿਫ਼ਾਰਸ਼ ਕੋਵਿਡ-19 ਦੇ ਖ਼ਤਰੇ ਨੂੰ ਘਟਾਉਣ ਅਤੇ ਬਿਹਤਰ ਸੁਰੱਖਿਆ ਪ੍ਰਦਾਨ ਕਰਨ ਲਈ ਕੀਤੀ ਜਾ ਸਕਦੀ ਹੈ। ਆਪਣੇ ਡਾਕਟਰ ਦੀ ਸਲਾਹ ਲਵੋ।

**ਨਾਲ ਕਿਸੇ ਵਿਅਕਤੀ ਦਾ ਪਤਾ ਲਗਾਇਆ ਜਾ ਸਕਦਾ ਹੈ? ਨਹੀਂ**

- ਟੀਕੇ ਰਾਹੀਂ ਸਰੀਰ ਵਿੱਚ ਕੋਈ ਮਾਈਕਰੋਚਿਪ ਨਹੀਂ ਪਾਈ ਜਾਂਦੀ। ਕੋਵਿਡ -19 ਦਾ ਟੀਕਾ ਲੱਗਣ ਮਗਰੋਂ, ਸਾਡੀ ਨਿੱਜੀ ਜਾਣਕਾਰੀ ਸਾਂਝੀ ਨਹੀਂ ਕੀਤੀ ਜਾਂਦੀ ਅਤੇ ਸਾਨੂੰ ਟਰੈਕ ਨਹੀਂ ਕੀਤਾ ਜਾਂਦਾ। ਟੀਕੇ ਵਿੱਚ ਕੇਵਲ ਉਹੀ ਉਤਪਾਦ ਹਨ ਜੋ ਸਰੀਰ ਜਜ਼ਬ ਕਰ ਸਕਦਾ ਹੈ।

Opération vaccination COVID-19

**ਜਿਵੇਂ ਹੀ ਟੀਕਿਆਂ ਬਾਰੇ ਨਵੀਂ ਜਾਣਕਾਰੀ ਉਪਲਬਧ ਹੁੰਦੀ ਹੈ, ਜਨਤਾ ਨੂੰ ਜਾਣਕਾਰੀ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ quebec.ca (ਫ੍ਰੈਂਚ ਅਤੇ ਅੰਗਰੇਜ਼ੀ ਵਿੱਚ) 'ਤੇ ਜਾਓ। ਲੋੜ ਅਨੁਸਾਰ, ਕਿਸੇ ਤੋਂ ਮਦਦ ਲਵੋ।**



Québec

## ਕੀ ਟੀਕਾਕਰਨ ਮਹਾਂਮਾਰੀ ਨਾਲ ਲੜਨ ਵਿੱਚ ਅਸਰਦਾਰ ਹੈ?

ਟੀਕਾਕਰਨ ਕੋਵਿਡ-19 ਤੋਂ ਤੁਹਾਡੀ ਰੱਖਿਆ ਕਰਨ ਲਈ ਇੱਕ ਪ੍ਰਭਾਵਸ਼ਾਲੀ ਉਪਾਅ ਹੈ। ਇਹ ਬਿਮਾਰੀ ਨੂੰ ਰੋਕ ਸਕਦਾ ਹੈ ਜਾਂ ਗੰਭੀਰ ਮਸਲਿਆਂ ਨੂੰ ਸੀਮਤ ਕਰ ਸਕਦਾ ਹੈ ਅਤੇ ਮਰਨ ਤੋਂ ਬਚਾ ਸਕਦਾ ਹੈ। ਜਿੰਨੇ ਜ਼ਿਆਦਾ ਲੋਕ ਟੀਕਾ ਲਗਵਾਉਣਗੇ, ਵਾਇਰਸ ਦੇ ਦੁਬਾਰਾ ਪੈਦਾ ਹੋਣ ਦੀ ਸੰਭਾਵਨਾ ਓਨੀ ਹੀ ਘੱਟ ਹੋਵੇਗੀ। ਸਮੇਂ ਦੇ ਨਾਲ, ਇਹ ਖ਼ਤਮ ਹੋ ਜਾਵੇਗਾ, ਜਿਵੇਂ ਕਿ ਬਹੁਤ ਸਾਰੀਆਂ ਬਿਮਾਰੀਆਂ ਨਾਲ ਹੋਇਆ ਹੈ।

**ਕੁਲ ਮਿਲਾ ਕੇ, ਟੀਕਿਆਂ ਰਾਹੀਂ ਹੁਣ ਤੱਕ ਸੱਤ ਗੰਭੀਰ ਬਿਮਾਰੀਆਂ ਉੱਤੇ ਕਾਬੂ ਪਾਇਆ ਜਾ ਚੁੱਕਿਆ ਹੈ: ਚੇਚਕ, ਡਿਫ਼ਥੀਰੀਆ, ਟੈੱਟਨਸ, ਪੀਲੀਆ, ਕਾਲੀ ਖਾਂਸੀ, ਪੋਲੀਓ ਅਤੇ ਖ਼ਸਰਾ।**

## ਕੋਵਿਡ-19 ਟੀਕਾਕਰਨ ਦੇ ਬੁਰੇ ਪ੍ਰਭਾਵ ਕੀ ਹਨ?

ਟੀਕੇ ਦੇ ਮਾੜੇ ਪ੍ਰਭਾਵ ਕੋਵਿਡ-19 ਦੇ ਗੰਭੀਰ ਅਤੇ ਸੰਭਾਵਿਤ ਘਾਤਕ ਨਤੀਜਿਆਂ ਦੇ ਮੁਕਾਬਲੇ ਬਹੁਤ ਘੱਟ ਹਨ। ਟੀਕਾ ਲਗਵਾਉਣ ਤੋਂ ਬਾਅਦ, ਤੁਹਾਨੂੰ ਟੀਕੇ ਵਾਲੀ ਥਾਂ 'ਤੇ ਦਰਦ ਮਹਿਸੂਸ ਹੋ ਸਕਦਾ ਹੈ। ਤੁਹਾਨੂੰ ਹੇਠ ਲਿਖੇ ਅਨੁਭਵ ਵੀ ਹੋ ਸਕਦੇ ਹਨ:

- ਥਕਾਵਟ, ਬੁਖ਼ਾਰ ਜਾਂ ਠੰਢ ਲੱਗਣਾ।
- ਸਿਰ ਦਰਦ, ਮਾਸ ਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ।

ਇਹ ਹਲਕੇ ਤੋਂ ਦਰਮਿਆਨੇ ਪੱਧਰ ਦੇ ਲੱਛਣ ਆਮ ਤੌਰ 'ਤੇ 1 ਤੋਂ 2 ਦਿਨਾਂ ਤੱਕ ਰਹਿੰਦੇ ਹਨ।

## ਕੀ ਕੋਵਿਡ-19 ਦੇ ਟੀਕੇ ਅਸਰਦਾਰ ਹਨ?

ਟੀਕੇ ਦੀ ਪਹਿਲੀ ਡੋਜ਼ ਤੋਂ 14 ਤੋਂ 28 ਦਿਨਾਂ ਬਾਅਦ, ਸਬੰਧਿਤ ਵਿਅਕਤੀ ਵਿੱਚ ਕੋਵਿਡ -19 ਪ੍ਰਤੀ ਪ੍ਰਤੀਰੋਧ-ਸ਼ਕਤੀ ਪੈਦਾ ਹੋਣ ਦੀ 80% ਤੋਂ ਵੱਧ ਸੰਭਾਵਨਾ ਹੁੰਦੀ ਹੈ। ਸਿਫ਼ਾਰਿਸ਼ ਕੀਤੀ ਗਈ ਦੂਜੀ ਡੋਜ਼ ਵਾਇਰਸ ਪ੍ਰਤੀ ਲੰਬੇ ਸਮੇਂ ਤੱਕ ਪ੍ਰਤੀਰੋਧ-ਸ਼ਕਤੀ ਪੈਦਾ ਕਰਨ ਲਈ ਤਿਆਰ ਕੀਤੀ ਗਈ ਹੈ। ਪਹਿਲੀ ਡੋਜ਼ ਤੋਂ ਬਾਅਦ ਉੱਚ ਪੱਧਰੀ ਸੁਰੱਖਿਆ ਦੇ ਮੱਦੇਨਜ਼ਰ, ਸਰਕਾਰ ਦੀ ਯੋਜਨਾ, ਦੂਜੀ ਡੋਜ਼ 120 ਦਿਨਾਂ (ਚਾਰ ਮਹੀਨਿਆਂ) ਦੇ ਅੰਦਰ-ਅੰਦਰ ਲਗਾਉਣ ਦੀ ਹੈ।

## ਜਲਦਬਾਜ਼ੀ ਵਿੱਚ ਤਿਆਰ ਕੀਤੇ ਗਏ ਹੋਣ ਦੇ ਬਾਵਜੂਦ ਵੀ, ਕੀ ਕੋਵਿਡ-19 ਦੇ ਟੀਕੇ ਸੁਰੱਖਿਅਤ ਹਨ?

ਹੈਲਥ ਕੈਨੇਡਾ ਨੇ ਸਾਰੇ ਟੀਕਿਆਂ ਲਈ ਇੱਕੋ ਸਖ਼ਤ ਪ੍ਰੋਟੋਕਾਲ ਦੀ ਪਾਲਣਾ ਕੀਤੀ ਹੈ। ਵਿਸ਼ਵ-ਵਿਆਪੀ, ਕੋਵਿਡ-19 ਸੰਕਟ ਦੇ ਮੱਦੇਨਜ਼ਰ, ਸਾਰੇ ਦੇਸ਼ ਟੀਕੇ ਦੀ ਉਪਲਬਧਤਾ ਨੂੰ ਤਰਜੀਹ ਦੇ ਰਹੇ ਹਨ। ਟੀਕਾ ਬਣਾਉਣ, ਉਸ ਦੀ ਜਾਂਚ ਅਤੇ ਪ੍ਰਮਾਣਿਕਤਾ ਲਈ ਲੋੜੀਂਦਾ ਹਰ ਫ਼ੈਸਲਾ ਬੇਮਿਸਾਲ ਕੁਸ਼ਲਤਾ ਨਾਲ ਲਿਆ ਗਿਆ ਹੈ।

ਉਦੋਂ ਤੋਂ ਲੈ ਕੇ ਹੁਣ ਤੱਕ, ਦੁਨੀਆ ਭਰ ਵਿੱਚ ਲੱਖਾਂ ਲੋਕਾਂ ਨੂੰ ਟੀਕਾ ਲਗਾਇਆ ਜਾ ਚੁੱਕਿਆ ਹੈ, ਜਿਸ ਦੇ ਕੋਈ ਗੰਭੀਰ ਮਾੜੇ ਪ੍ਰਭਾਵ ਨਹੀਂ ਹਨ ਅਤੇ ਟੀਕੇ ਕਾਰਨ ਇੱਕ ਵੀ ਮੌਤ ਨਹੀਂ ਹੋਈ।

## ਜੇਕਰ ਮੈਂ ਕੋਵਿਡ-19 ਤੋਂ ਪੀੜਿਤ ਹੋ ਚੁੱਕਿਆ/ਚੁੱਕੀ ਹਾਂ ਤਾਂ ਕੀ ਮੈਨੂੰ ਟੀਕਾ ਲਗਵਾਉਣਾ ਚਾਹੀਦਾ ਹੈ?

ਭਾਵੇਂ ਕੋਈ ਵਿਅਕਤੀ ਪਹਿਲਾਂ ਕੋਵਿਡ-19 ਤੋਂ ਪੀੜਿਤ ਹੋਇਆ ਵੀ ਹੋਵੇ, ਸੁਰੱਖਿਆ ਵਧਾਉਣ ਲਈ ਟੀਕਾ ਲਗਵਾਉਣਾ ਮਹੱਤਵਪੂਰਨ ਹੈ। ਕੋਵਿਡ-19 ਤੋਂ ਪੀੜਿਤ ਹੋ ਚੁੱਕੇ ਵਿਅਕਤੀ, ਜਿਨ੍ਹਾਂ ਨੇ ਟੀਕਾ ਲਵਾ ਲਿਆ ਹੈ, ਇਹ ਸੰਭਾਵਨਾ ਘੱਟ ਹੈ ਕਿ ਉਨ੍ਹਾਂ ਨੂੰ ਗੰਭੀਰ ਹਾਲਤ ਦਾ ਸਾਹਮਣਾ ਕਰਨਾ ਪਵੇ।

## ਜੇ ਮਨੁੱਖੀ ਸਰੀਰ ਕੋਵਿਡ-19 ਨੂੰ ਕੁਦਰਤੀ ਤੌਰ 'ਤੇ ਹਰਾ ਸਕਦਾ ਹੈ ਤਾਂ ਸਾਨੂੰ ਟੀਕਾ ਲਗਵਾਉਣ ਦੀ ਲੋੜ ਕਿਉਂ ਹੈ?

ਜਿਨ੍ਹਾਂ ਲੋਕਾਂ ਨੇ ਕੋਵਿਡ-19 ਦਾ ਟੀਕਾ ਲਵਾ ਲਿਆ ਹੈ, ਉਹ ਇਸ ਬਿਮਾਰੀ ਤੋਂ ਸੁਰੱਖਿਅਤ ਹਨ। ਉਨ੍ਹਾਂ ਵਿੱਚ ਲੱਛਣ ਪੈਦਾ ਹੋਣ ਜਾਂ ਉਨ੍ਹਾਂ ਦੇ ਗੰਭੀਰ ਬਿਮਾਰੀ ਤੋਂ ਪੀੜਿਤ ਹੋਣ ਦੀ ਸੰਭਾਵਨਾ ਘੱਟ ਹੈ।

## ਕੀ ਕੋਵਿਡ-19 ਟੀਕਾਕਰਨ ਕਰਵਾਉਣ ਨਾਲ ਮੇਰਾ ਡੀਐੱਨਏ ਬਦਲ ਸਕਦਾ ਹੈ?

**ਨਹੀਂ।** ਮੈਸੇਂਜਰ ਆਰਐੱਨਏ ਟੀਕਿਆਂ (ਫਾਈਜ਼ਰ ਅਤੇ ਮੋਡਰਨਾ) ਨਾਲ ਸਬੰਧਿਤ ਇਹ ਧਾਰਨਾ ਗ਼ਲਤ ਹੈ। ਇਹ ਅਸੰਭਵ ਹੈ ਕਿ ਮੈਸੇਂਜਰ ਆਰਐੱਨਏ ਟੀਕੇ ਨਾਲ ਕਿਸੇ ਵਿਅਕਤੀ ਦੇ ਜੀਨ ਬਦਲ ਜਾਣ। ਟੀਕਾ ਜੀਵ-ਕੋਸ਼ ਦੇ ਨਿਊਕਲੀਆਈ ਵਿੱਚ ਦਾਖ਼ਲ ਨਹੀਂ ਹੁੰਦਾ, ਜਿੱਥੇ ਡੀਐੱਨਏ ਮੌਜੂਦ ਹੁੰਦਾ ਹੈ। ਜੀਵ-ਕੋਸ਼ ਮੈਸੇਂਜਰ ਆਰਐੱਨਏ ਨੂੰ ਤੇਜ਼ੀ ਨਾਲ ਡੀ-ਗ੍ਰੇਡ ਕਰ ਦਿੰਦੇ ਹਨ।

## ਕੀ ਕੋਵਿਡ-19 ਟੀਕੇ ਅਲੱਗ-ਅਲੱਗ ਕਿਸਮਾਂ ਖ਼ਿਲਾਫ਼ ਅਸਰਦਾਰ ਹਨ?

**ਹਾਂ।** ਤਾਜ਼ਾ ਉਪਲਬਧ ਅੰਕੜਿਆਂ ਅਨੁਸਾਰ, ਮੌਜੂਦਾ ਟੀਕੇ ਬ੍ਰਿਟਿਸ਼-ਕਿਸਮ ਖ਼ਿਲਾਫ਼ ਵੀ ਅਸਰਦਾਰ ਹਨ। ਦੁਨੀਆ ਭਰ ਵਿੱਚ ਪੈਦਾ ਹੋਈਆਂ ਹੋਰ ਕਿਸਮਾਂ ਦੇ ਮਾਮਲੇ ਵਿੱਚ ਅਧਿਐਨ ਜਾਰੀ ਹਨ। ਜੇਕਰ ਲੋੜ ਪਈ, ਟੀਕੇ ਕੁਝ ਖ਼ਾਸ ਕਿਸਮਾਂ ਖ਼ਿਲਾਫ਼ ਲੜਨ ਦੇ ਅਨੁਕੂਲ ਕੀਤੇ ਜਾਣਗੇ।

## ਕੋਵਿਡ-19 ਟੀਕਾ ਲਗਵਾਉਣ ਤੋਂ ਬਾਅਦ ਵੀ ਆਪਣੀ ਰੱਖਿਆ ਕਰਨਾ ਜਾਰੀ ਕਿਉਂ ਰੱਖੀਏ?

ਭਾਵੇਂ ਟੀਕਾ ਕਾਫ਼ੀ ਪ੍ਰਭਾਵਸ਼ਾਲੀ ਹੋਣ ਦਾ ਦਾਅਵਾ ਕਰਦਾ ਹੈ, ਇਹ 100% ਸੁਰੱਖਿਆ ਪ੍ਰਦਾਨ ਨਹੀਂ ਕਰਦਾ। ਸਿਹਤ ਸਬੰਧੀ ਮਾਪਦੰਡ ਲਗਾਤਾਰ ਇਹ ਯਕੀਨੀ ਬਣਾਉਣਗੇ ਕਿ ਤੁਸੀਂ ਆਪਣੀ ਅਤੇ ਦੂਜਿਆਂ ਦੀ ਰੱਖਿਆ ਕਰੋ। ਚੰਗੀ-ਚੋਖੀ ਆਬਾਦੀ ਨੂੰ ਟੀਕਾ ਲਗਾਉਣ ਵਿੱਚ ਕਈ ਮਹੀਨੇ ਲੱਗਣਗੇ।




**ਵਧੇਰੇ ਜਾਣਕਾਰੀ ਅਤੇ ਅਪਾਇੰਟਮੈਂਟ ਲੈਣ ਲਈ:**

Quebec.ca/vaccinCOVID

450 644-4545

Québec

Produced by the Direction régionale de santé publique du CIUSSS du Centre-Sud-de-l'Île-de-Montréal | April 13, 2021